ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

ਬੱਸ ਕਡੰਕਟਰਾਂ ਤੇ ਡਰਾਇਵਰਾਂ ਨੂੰ ਪੋਕਸੋ ਐਕਟ ਬਾਰੇ ਕਰਵਾਇਆ ਜਾਣੂੰ

ਬੱਚਿਆਂ ਦੇ ਅਧਿਕਾਰਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਹਿੱਤ ਦਿੱਤੀ ਟ੍ਰੇਨਿੰਗ

ਯੋਨ ਅਪਰਾਧ ਨੂੰ ਰੋਕਣ ਸਬੰਧੀ ਬੱਸਾਂ ਉਪਰ ਲਗਾਏ ਸਟੀਕਰ

ਫਾਜ਼ਿਲਕਾ 14 ਸਤੰਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਦੇ ਪ੍ਰੇਰਨਾ ਸਦਕਾ ਸੇਵ ਦਾ ਚਿਲਡਰਨ ਅਤੇ ਸਾਰਡ ਦੁਆਰਾ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਅਤੇ ਹਰਿਆਣਾ ਦੇ ਕਪਾਹ ਵਾਲੇ ਖੇਤਰਾਂ ਵਿੱਚ ਬਾਲ ਅਧਿਕਾਰਾਂ ਨੂੰ ਮਜਬੂਤੀ ਪ੍ਰਦਾਨ ਕਰਨ ਹਿਤ ਸਥਾਨਕ ਬੱਸ ਸਟੈਂਡ ਵਿਖੇ ਬੱਸ ਕਡੰਕਟਰਾਂ ਅਤੇ ਡਰਾਇਵਰਾਂ ਨੂੰ ਪੋਕਸੋ ਐਕਟ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸਾਰਡ ਦੇ ਪ੍ਰੋਗਰਾਮ ਮੈਨੇਜਰ ਸ੍ਰੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਐਕਟ ਸਬੰਧੀ ਜਾਣਕਾਰੀ ਦੇਣ ਦਾ ਮੁੱਖ ਮਕਸਦ ਯੋਨ ਅਪਰਾਧਾਂ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ ਅਤੇ ਇਨ੍ਹਾਂ ਖਿਲਾਫ ਕਿਸ ਤਰ੍ਹਾਂ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪੋਕਸੋ ਐਕਟ ਬਾਰੇ ਜਾਣੂੰ ਕਰਵਾਉਣ ਦਾ  ਮਕਸਦ ਜ਼ਿਲ੍ਹੇ ਨੂੰ ਚਾਈਲਡ ਫਰੈਂਡਲੀ ਬਣਾਉਣਾ ਹੈ। ਇਸ ਤੋਂ ਬਾਅਦ ਬੱਸਾਂ ਉਪਰ ਯੋਨ ਅਪਰਾਧ ਨੂੰ ਰੋਕਣ ਲਈ ਸਟਿੱਕਰ ਵੀ  ਲਗਾਏ ਗਏ।

ਇਸ ਮੁਹਿੰਮ ਵਿੱਚ ਡੀ.ਟੀ.ਓ ਦਫਤਰ ਤੋਂ ਸ੍ਰੀ ਇੰਦਰਜੀਤ, ਚਾਈਲਡ ਲਾਈਨ ਦੇ ਡਾਇਰੈਕਟਰ ਸ੍ਰੀ ਦਿਆਲ ਚੰਦ, ਪੰਜਾਬ ਰੋਡਵੇਜ਼ ਦੇ ਸਬ ਇੰਸਪੈਕਟਰ ਸ੍ਰੀ ਸੁਨੀਲ ਕੁਮਾਰ, ਸਾਰਡ ਸੰਸਥਾ ਦੇ ਸਟਾਫ ਸ਼ਲਿੰਦਰ ਮੌਜੂਦ ਸਨ।